ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਵਣ ਭਵਨ, ਸੈਕਟਰ-68,
ਐਸ.ਏ.ਐਸ ਨਗਰ (ਮੋਹਾਲੀ)।

ਸੇਵਾ ਵਿਖੇ

ਮੁੱਖ ਕਾਰਜਕਾਰੀ ਅਫਸਰ
ਪੰਜਾਬ ਇੰਨਵੈਸਟਮੈਂਟ ਪ੍ਰਮੋਸ਼ਨ ਬਿਊਰੋ
ਉਦਯੋਗ ਭਵਨ, ਸੈਕਟਰ 17
ਚੰਡੀਗੜ੍ਹ।

ਨੰ: 200
ਮਿਤੀ: 22-7-14

ਵਿ ਾ: **ਅਪਡੇਟ ਆਫ ਰੈਗੂਲੇਟਰੀ ਰਿਫਾਰਮਸ. ਇਮਪਲੀਮੈਂਲਟੇਸ਼ਨ ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ।**

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ਼੍ਰੀ ਡੀ.ਕੇ.ਤਿਵਾਰੀ ਵਧੀਕ CEO (PBIP) ਵੱਲੋਂ ਆਪਣੇ ਪੱਤਰ ਨੰ: 684 ਮਿਤੀ 15-07-2014 ਰਾਹੀ ਇਸ ਵਿਭਾਗ ਸਬੰਧੀ ਸੂਚਨਾਂ ਭੇਜੀ ਹੈ ਜਿਸ ਵਿੱਚ ਉਨ੍ਹਾਂ ਨੇ ਰੈਗੂਲੇਟਰੀ ਰਿਫਾਰਮਸ ਦੀ ਇੰਮਪਲੀਮੈਂਨਟੇਸ਼ਨ ਬਾਰੇ ਦਸਿਆ ਹੈ:-

**1. ਐਫ.ਸੀ.ਏ 1980 ਅਧੀਨ ਨਾਨ ਫਾਰੈਸਟਰੀ ਕੰਮਾਂ ਲਈ ਫਾਰੈਸਟ ਰਕਬੇ ਦੀ ਵਰਤੋ ਬਾਰੇ:**

**ੳ) ਇੰਨਸਪੈਕਸ਼ਨ ਮਕੈਨਿਜਮ :- ਅਡੀਸ਼ਨਲ ਚੀਫ ਐਗਜੀਕਿਊਟਿਵ ਅਫਸਰ ਵੱਲੋਂ ਦਸਿਆ ਗਿਆ ਹੈ ਕਿ ਮੌਕੇ ਦਾ ਮੁਆਇਨਾਂ ਕਰਨ ਲਈ ਵਣ ਮੰਡਲ ਅਫਸਰ ਅਤੇ ਉਸ ਦੀ ਟੀਮ ਇਕੋ ਹੀ ਮਿਤੀ ਨੂੰ ਜਾਵੇ ਅਤੇ ਮੁਆਇਨਾ ਰਿਪੋਟ ਇਕੋ ਹੀ ਮਿਤੀ ਤੇ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਹੇਠ ਲਿਖੇ ਅਨੁਸਾਰ ਇੰਸਪੈਕਸ਼ਨ ਮਕੈਨਿਜਮ ਪ੍ਰਵਾਨ ਕੀਤਾ ਜਾਂਦਾ ਹੈ।**

ਡਾਇਵਰਸ਼ਨ ਦੇ ਕੇਸਾਂ ਵਿੱਚ ਸਬੰਧਤ ਵਣ ਮੰਡਲ ਅਫਸਰ ਅਤੇ ਸਬੰਧਤ ਕਰਮਚਾਰੀ ਇੰਸਪੈਕਸ਼ਨ ਰਿਪੋਟ ਇੱਕ ਹੀ ਮਿਤੀ ਨੂੰ ਕਰਨਗੇ ਅਤੇ ਇੰਸਪੈਕਸ਼ਨ ਰਿਪੋਟ ਲਈ ਨਿਰਧਾਰਿਤ ਕੀਤੇ ਪ੍ਰੋਫਾਰਮੇ ਤੇ ਇੱਕੋਂ ਸਮੇਂ ਹੀ ਦਸਤਖਤ ਕਰਨਗੇ।

**ਅ). ਇੰਸਪੈਕਸ਼ਨ ਟਾਈਮ ਲਾਈਨ ਬਾਰੇ:-** ਜਿਥੋ ਤੱਕ ਵਣ ਮੰਡਲ ਅਫਸਰ ਪੱਧਰ ਤੇ ਇੰਸਪੈਕਸ਼ਨ ਟਾਈਮ ਲਾਈਨ ਦਾ ਸਵਾਲ ਹੈ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਵਣ ਮੰਡਲ ਅਫਸਰ ਪੱਧਰ ਤੇ ਮੁਕੰਮਲ ਪ੍ਰਪੋਜਲ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਇੰਸਪੈਕਸ਼ਨ ਕੀਤੀ ਜਾਵੇਗੀ ਅਤੇ ਅਗਲੇ 15 ਦਿਨਾਂ ਵਿੱਚ ਮੁਕੰਮਲ ਕੇਸ ਮੁੱਖ ਵਣ ਪਾਲ (ਐਫ.ਸੀ) ਕੰਮ ਨੋਡਲ ਅਫਸਰ ਨੂੰ ਭੇਜਿਆ ਜਾਵੇਗਾ। ਜੇਕਰ ਇਸ ਵਿੱਚ ਕੋਈ ਦੇਰੀ ਹੁੰਦੀ ਹੈ ਤਾਂ ਵਣ ਮੰਡਲ ਅਫਸਰ ਵੱਲੋਂ ਲਿਖਤੀ ਜਸਟੀਫਿਕੇਸ਼ਨ ਕੀਤੀ ਜਾਵੇਗੀ।

**ੲ) ਪ੍ਰੋਸੈਸ ਮੋਡ:-** ਕੇਸਾਂ ਨੂੰ ਆਨਲਾਈਨ ਸਬਮਿਟ ਕਰਨ ਬਾਰੇ ਯੂਜਰ ਏਜੰਸੀ ਸਬੰਧੀ ਪੋਰਟਲ ਤਿਆਰ ਕਰ ਲਿਆ ਗਿਆ ਹੈ ਅਤੇ ਭਾਰਤ ਸਰਕਾਰ ਵੱਲੋਂ ਪੰਜਾਬ ਰਾਜ ਦੇ ਕੇਸਾਂ ਸਬੰਧੀ ਮੀਟਿੰਗ 14-08-2014 ਨੂੰ ਰੱਖੀ ਗਈ ਹੈ। ਵਣ ਵਿਭਾਗ ਪੱਧਰ ਦੇ ਹੋਰ ਕਾਰਵਾਈ ਦੀ ਲੋੜ ਨਹੀ ਹੈ।

**ਸ) ਸਪੈਸ਼ਲ ਅਪਰੂਵਲ ਅਥਾਰਟੀ ਟੂ ਸਟੇਟ ਗੋਰਮਿੰਟ ਫਾਰ ਐਕਸੈਸ ਕੇਸਿਜ :-** ਇਸ ਦਫਤਰ ਦੇ ਪੱਤਰ ਨੰ: 189 ਮਿਤੀ 22-07-2014 ਰਾਹੀਂ ਪੰਜਾਬ ਸਰਕਾਰ ਨੂੰ ਪ੍ਰਪੋਜਲ ਭੇਜੀ ਜਾ ਚੁੱਕੀ ਹੈ । ਇਸ ਸਬੰਧੀ ਭਾਰਤ ਸਰਕਾਰ ਤੋ ਪ੍ਰਵਾਨਗੀ ਆਉਣ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

2. ਪੋਸਟ ਅਪਰੂਵਲ ਇੰਸਪੈਕਸ਼ਨ:-

ੳ) ਡਾਇਵਰਸ਼ਨ ਦੇ ਕੇਸਾਂ ਬਾਰੇ

ਡੀ) ਐਫ.ਸੀ.ਏ ਬ੍ਰਾਂਚ ਨਾਲ ਸਬੰਧਤ:- ਭਾਰਤ ਸਰਕਾਰ ਵੱਲੋਂ ਡਾਇਵਰਸ਼ਨ ਦੇ ਜਿੰਨ੍ਹਾਂ ਕੇਸਾਂ ਵਿੱਚ ਫਾਇਨਲ ਪ੍ਰਵਾਨਗੀ ਪ੍ਰਾਪਤ ਹੋ ਗਈ ਹੈ ਉਨ੍ਹਾਂ ਕੇਸਾਂ ਵਿੱਚ ਜਿਹੜਾ ਰਕਬਾ ਯੂਜਰ ਏਜੰਸੀ ਨੂੰ ਵਰਤਣ ਵਾਸਤੇ ਵਣ ਰਕਬਾ ਡਾਇਵਰਟ ਹੋਇਆ ਹੈ ਉਨ੍ਹਾਂ ਕੇਸਾਂ ਦੀ ਪੋਸਟ ਇੰਸਪੈਕਸ਼ਨ ਕਰਨ ਲਈ ਹੇਠ ਲਿਖੇ ਅਨੁਸਾਰ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਹਨ:-

| ਲੜੀ ਨੰ: | ਏਰੀਏ ਵਾਈਜ ਚੈਕਿੰਗ | ਚੈਕਿੰਗ ਕਰਨ ਵਾਲਾ ਅਧਿਕਾਰੀ |
|---|---|---|
| 1. | 1 ਹੈਕ. ਤੋਂ ਵੱਧ ਪ੍ਰਭਾਵਿਤ ਰਕਬੇ ਲਈ | ਇੰਸਪੈਕਸ਼ਨ ਸਬੰਧਤ ਵਣ ਪਾਲ |
| 2 | 1 ਹੈਕ. ਤੋਂ ਘੱਟ ਪ੍ਰਭਾਵਿਤ ਰਕਬੇ ਲਈ | ਇੰਸਪੈਕਸ਼ਨ ਵਣ ਮੰਡਲ ਅਫ਼ਸਰ/ਉਪ ਵਣ ਮੰਡਲ ਅਫਸਰ |

ਇਨ੍ਹਾਂ ਅਧਿਕਾਰੀਆਂ ਵੱਲੋਂ ਭਾਰਤ ਸਰਕਾਰ ਵੱਲੋਂ ਫਾਇਨਲ ਪ੍ਰਵਾਨਗੀ ਵਾਲੇ ਪੱਤਰ ਵਿੱਚ ਲਗਾਈਆਂ ਗਈਆਂ ਸ਼ਰਤਾਂ ਅਨੁਸਾਰ ਹਰ 6 ਮਹੀਨੇ ਬਾਅਦ ਚੈਕਿੰਗ ਕੀਤੀ ਜਾਵੇਗੀ ਅਤੇ ਆਪਣੀ ਚੈਕਿੰਗ ਰਿਪੋਟ ਮੁੱਖ ਵਣ ਪਾਲ (ਐਫ. ਸੀ.) ਅਤੇ ਨੋਡਲ ਅਫਸਰ, ਪੰਜਾਬ ਨੂੰ ਭੇਜਣੀ ਯਕੀਨੀ ਬਣਾਉਣਗੇ। ਜੇਕਰ ਚੈਕਿੰਗ ਦੌਰਾਨ ਯੂਜਰ ਏਜੰਸੀ ਵੱਲੋਂ ਭਾਰਤ ਸਰਕਾਰ ਵੱਲੋਂ ਲਗਾਈਆਂ ਗਈਆਂ ਸ਼ਰਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਨ੍ਹਾ ਖਿਲਾਫ ਰੂਲਾਂ ਅਨਸਾਰ ਬਣਦੀ ਕਾਰਵਾਈ ਕਰਕੇ ਰਿਪੋਟ ਵੀ ਭੇਜੀ ਜਾਵੇਗੀ।

ਈ) ਵੁੱਡ ਬੇਸਡ ਇੰਡਸਟਰੀ: ਲਾਇਸੈਂਸ ਜਾਰੀ ਹੋਣ ਤੋ ਬਾਅਦ ਇੰਸਪੈਕਸ਼ਨ ਕਰਨ ਲਈ ਅਧਿਕਾਰੀ ਹੇਠ ਲਿਖੇ ਅਨੁਸਾਰ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਹਨ:

| ਲੜੀ ਨੰ: | ਕੈਟਾਗਿਰੀ ਆਫ ਵੁੱਡ ਬੇਸਡ ਇੰਡਸਟ੍ਰੀਜ | ਚੈਕਿੰਗ ਕਰਨ ਵਾਲਾ ਅਧਿਕਾਰੀ |
|---|---|---|
| 1 | ਸਾਅ ਮਿੱਲ | ਸਬੰਧਤ ਵਣ ਰੇਂਜ ਅਫਸਰ |
| 2 | ਵਿਨੀਰ | ਸਬੰਧਤ ਉਪ ਵਣ ਮੰਡਲ ਅਫਸਰ/ਵਣ ਮੰਡਲ ਅਫਸਰ |
| 3 | ਪਲਾਈਵੁੱਡ/ਪੇਪਰ ਯੂਨਿਟ ਅਤੇ ਹੋਰ | ਸਬੰਧਤ ਵਣ ਮੰਡਲ ਅਫ਼ਸਰ |

ਇਹਨਾਂ ਅਧਿਕਾਰੀਆਂ ਵੱਲੋਂ ਰੂਲਾਂ ਅਨੁਸਾਰ ਚੈਕਿੰਗ ਦੇ ਨਾਲ-ਨਾਲ ਹਰ 6 ਮਹੀਨੇ ਬਾਅਦ ਇਕਾਈਆਂ ਦੀ ਜਰੂਰੀ ਚੈਕਿੰਗ ਕੀਤੀ ਜਾਵੇਗੀ ਅਤੇ ਆਪਣੀ ਰਿਪੋਟ ਚੈਅਰਮੈਨ, ਲੱਕੜ ਅਧਾਰਿਤ ਉਦਯੋਗ ਲਈ ਪੰਜਾਬ ਕਮੇਟੀ/ਮੁੱਖ ਵਣ ਪਾਲ (ਐਫ.ਸੀ.) ਪੰਜਾਬ ਨੂੰ ਭੇਜਣੀ ਯਕੀਨੀ ਬਣਾਏਗੀ। ਜੇਕਰ ਕੋਈ ਚੈਕਿੰਗ ਦੁਰਾਨ ਉਲੰਘਣਾ ਪਾਈ ਜਾਂਦੀ ਹੈ ਤਾਂ ਰੂਲਾਂ ਅਨੁਸਾਰ ਵਣ ਮੰਡਲ ਅਫ਼ਸਰ ਵੱਲੋਂ ਬਣਦੀ ਕਾਰਵਾਈ ਕਰਕੇ ਰਿਪੋਟ ਵੀ ਭੇਜੀ ਜਾਵੇਗੀ।

ਵਧੀਕ CEO ਵੱਲੋਂ ਇਸੇ ਪੈਰੇ ਦੇ ਕਾਲਮ 6 ਵਿੱਚ 2 ਇੰਡੀਪੈਨਡੈਂਟ ਇੰਨਸਪੈਕਸ਼ਨ ਟੀਮਾਂ ਬਾਰੇ ਕਿਹਾ ਗਿਆ ਹੈ। ਇਸ ਬਾਰੇ ਵਿਭਾਗ ਵਿੱਚ ਪੰਜਾਬ ਸਰਕਾਰ ਵੱਲੋਂ ਆਪਣੇ ਪੱਤਰ ਨੰ: 26/251/08-ਵਣ-3/10619 ਮਿਤੀ 02-12-2008 ਪਹਿਲਾ ਹੀ ਕਮੇਟੀ ਬਣਾਈ ਹੋਈ ਹੈ। ਇਸ ਕਮੇਟੀ ਵੱਲੋਂ ਆਪਣੇ ਪੱਧਰ ਤੇ ਵੀ ਇੰਸਪੈਕਸ਼ਨਾ ਕੀਤੀਆ ਜਾਣਗੀਆ ਅਤੇ ਕਾਰਵਾਈ ਕਰਨ ਉਪਰੰਤ ਰਿਪੋਟ ਚੇਅਰਮੈਨ, ਲੱਕੜ ਅਧਾਰਿਤ ਉਦਯੋਗ ਲਈ ਪੰਜਾਬ ਕਮੇਟੀ/ਮੁੱਖ ਵਣ

ਕੇਸਾਂ ਦੀ ਪੋਸਟ ਇੰਸਪੈਕਸ਼ਨ ਲਈ ਵਿਭਾਗ ਵਿੱਚ ਪਹਿਲਾ ਹੀ ਬਣਾਏ ਗਏ ਫਲਾਇੰਗ ਸੁਕੈਡ ਵੱਲੋ ਵੀ ਇੰਸਪੈਕਸ਼ਨ ਕੀਤੀ ਜਾਵੇਗੀ ਅਤੇ ਰਿਪੋਟ ਪ੍ਰਧਾਨ ਮੁੱਖ ਵਣ ਪਾਲ ਜੀ ਨੂੰ ਭੇਜੀ ਜਾਵੇਗੀ।

ਐਮ.ਪੀ.ਰਾਏ, ਆਈ.ਐਫ. ਐਸ.
ਪ੍ਰਧਾਨ ਮੁੱਖ ਵਣ ਪਾਲ (HoFF), ਪੰਜਾਬ

ਪਿੱਠ ਅੰਕਣ ਨੰ 201-223 ਮਿਤੀ 22-7-14

ਇਸ ਦੀ ਕਾਪੀ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਮੁੱਖ ਵਣ ਪਾਲ (ਇਲਾਕਾਈ), ਪੰਜਾਬ
2. ਸਮੂਹ ਵਣ ਪਾਲ (ਇਲਾਕਾਈ), ਪੰਜਾਬ
3. ਸਮੂਹ ਵਣ ਮੰਡਲ ਅਫਸਰ (ਇਲਾਕਾਈ), ਪੰਜਾਬ

ਐਮ.ਪੀ.ਰਾਏ, ਆਈ.ਐਫ. ਐਸ.
ਪ੍ਰਧਾਨ ਮੁੱਖ ਵਣ ਪਾਲ (HoFF), ਪੰਜਾਬ